# ਭਾਈਚਾਰਾ ਅਪਵਾਦ ਹੱਲ ਯੂਨਿਟ

## ਮਿਸ਼ਨ ਦਾ ਬਿਆਨ

ਅਨੁਸ਼ਾਸਨਿਕ ਅਭਿਆਸਾਂ, ਨਫਰਤੀ ਘਟਨਾਵਾਂ, ਜਾਂ ਵੈਰੀ ਅਪਰਾਧ, ਜਿਹਨਾਂ ਦਾ ਭਾਈਚਾਰੇ ਉੱਤੇ ਪ੍ਰਭਾਵ ਹੈ, ਦੇ ਸਬੰਧ ਵਿੱਚ ਡਰ, ਅਪਵਾਦ, ਜਾਂ ਤਣਾਅ ਦਾ ਅਨੁਭਵ ਕਰਦੇ ਭਾਈਚਾਰਿਆਂ ਨੂੰ ਸਹਾਇਤਾ ਪ੍ਰਦਾਨ ਕਰਕੇ ਸ਼ਾਂਤਮਈ ਰਿਸ਼ਤਿਆਂ ਨੂੰ ਉਤਸ਼ਾਹਿਤ ਕਰਨਾ।

## ਅਸੀਂ ਕੀ ਕਰਦੇ ਹਾਂ

ਕੈਲੀਫੋਰਨੀਆ ਸਿਵਲ ਅਧਿਕਾਰ ਵਿਭਾਗ (CRD) ਦਰਮਿਆਨ ਭਾਈਚਾਰਾ ਅਪਵਾਦ ਹੱਲ ਯੂਨਿਟ (CCRU) ਭਾਈਚਾਰਿਆਂ, ਅਤੇ/ਜਾਂ ਸਥਾਨਿਕ ਅਤੇ ਰਾਜਸੀ ਜਨਤਕ ਬਾਡੀਆਂ ਨਾਲ ਕੰਮ ਕਰਦਾ ਹੈ ਤਾਂ ਕਿ ਉਸਾਰੂ ਰੂਪ ਵਿੱਚ ਅਪਵਾਦ ਦਾ ਪ੍ਰਬੰਧਨ ਜਾਂ ਹੱਲ ਕੀਤਾ ਜਾਵੇ, ਸੰਭਾਵੀ ਹਿੰਸਾ ਨੂੰ ਘਟਾਇਆ ਜਾਂ ਖਤਮ ਕੀਤਾ ਜਾਵੇ, ਭਾਈਚਾਰਿਆਂ ਦਰਮਿਆਨ ਲਾਗਤਬਾਜ਼ੀ ਨੂੰ ਘਟਾਇਆ ਜਾਂ ਖਤਮ ਕੀਤਾ ਜਾਵੇ, ਜਾਂ ਉਹਨਾਂ ਦੀ ਆਪਸੀ ਸਹਿਮਤੀ ਵਾਲੇ ਨਤੀਜੇ ਹਾਸਿਲ ਕਰਨ ਵਿੱਚ ਮੱਦਦ ਕੀਤੀ ਜਾਵੇ।

ਕੈਲੀਫੋਰਨੀਆ ਸਰਕਾਰੀ ਸੰਹਿਤਾ 12931

CCRU ਅਪਵਾਦ ਦੁਆਰਾ ਪ੍ਰਭਾਵਿਤ ਸਟੇਕਹੋਲਡਰ ਗਰੁੱਪਾਂ ਨਾਲ ਕਰੀਬੀ ਰੂਪ ਵਿੱਚ ਕੰਮ ਕਰਦੀ ਹੈ ਤਾਂ ਕਿ ਯਕੀਨੀ ਬਣਾਇਆ ਜਾਵੇ ਕਿ ਹੱਲਾਂ ਵਿੱਚ ਭਾਈਚਾਰਾ-ਕੇਂਦਰਿਤ ਇੰਨਪੁੱਟ ਸ਼ਾਮਿਲ ਹੈ। CCRU ਵਿਸ਼ਵਾਸ ਕਰਦੀ ਹੈ ਕਿ ਭਾਈਚਾਰਾ ਸੁਮੇਲ ਨਫਰਤ ਅਤੇ ਪੱਖਪਾਤ-ਅਧਾਰਿਤ ਭਾਈਚਾਰਾ ਅਪਵਾਦਾਂ ਦੇ ਸਬੰਧ ਵਿੱਚ ਚਿੰਤਾਵਾਂ ਦੇ ਹੱਲ ਵਿੱਚ ਸੱਭ ਤੋਂ ਪ੍ਰਭਾਵੀ ਹੁੰਦਾ ਹੈ।

## ਅਸੀਂ ਆਪਣੇ ਕਾਰਜ ਨੂੰ ਕਿਵੇਂ ਪੂਰਾ ਕਰਦੇ ਹਾਂ

***CCRU ਸਾਡੇ ਕੰਮ ਨੂੰ ਇਸ ਤਰ੍ਹਾਂ ਪੂਰਾ ਕਰਦੀ ਹੈ:***

- ਅਪਵਾਦ ਹੱਲ ਪ੍ਰਕਿਰਿਆਵਾਂ ਨੂੰ ਡਿਜ਼ਾਇਨ ਕਰਨਾ
- ਭਾਵਪੂਰਨ ਭਾਈਚਾਰਾ ਸ਼ਾਮੂਲੀਅਤ ਨੂੰ ਯਕੀਨੀ ਬਣਾਉਣ ਲਈ ਪ੍ਰਕਿਰਿਆਵਾਂ ਵਿੱਚ ਸਹਿਯੋਗ ਦੇਣਾ
- ਅਪਵਾਦਾਂ ਦੀ ਵਿਚੋਲਗੀ ਕਰਨੀ
- ਵਿੱਦਿਆ ਅਤੇ ਸਿਖਲਾਈ ਪ੍ਰਦਾਨ ਕਰਨੀ
- ਤਕਨੀਕੀ ਸਲਾਹ ਪ੍ਰਦਾਨ ਕਰਨੀ

## ਅਧਿਕਾਰ ਖੇਤਰ

CCRU ਤਾਂ ਹੀ ਸਹਾਇਤਾ ਪ੍ਰਦਾਨ ਕਰਦੀ ਹੈ ਜੇ ਬੇਨਤੀ ਕੀਤੀ ਜਾਵੇ ਅਤੇ ਜਿਸ ਦਾ ਕਾਰਨ ਨਫਰਤ- ਜਾਂ ਪੱਖਪਾਤ-ਅਧਾਰਿਤ ਭਾਈਚਾਰਾ ਝਗੜਾ, ਅਸਹਿਮਤਿ, ਜਾਂ ਮੁਸ਼ਕਿਲ ਹੋਵੇ, ਜੋ ਸੰਵਿਧਾਨਾਂ ਅਤੇ ਸੰਯੁਕਤ ਰਾਜ ਜਾਂ ਕੈਲੀਫੋਰਨੀਆ ਦੇ ਕਾਨੂੰਨਾਂ ਅਧੀਨ ਆਉਂਦੇ ਭਾਈਚਾਰਿਆਂ ਵਿਚਲੇ ਵਿਅਕਤੀਆਂ ਦੇ ਹੱਕਾਂ ਨੂੰ ਹਾਨੀ ਪਹੁੰਚਾਏ।
ਇਸ ਤੋਂ ਇਲਾਵਾ, CCRU ਸੇਵਾਵਾਂ ਉਹਨਾਂ ਝਗੜਿਆਂ, ਅਸਹਿਮਤੀਆਂ, ਜਾਂ ਮੁਸ਼ਕਿਲਾਂ ਦੇ ਕੇਸ ਵਿੱਚ ਉਪਲਬਧ ਕਰਵਾਈ ਜਾਂਦੀ ਹੈ ਸਿਰਫ ਤਾਂ ਜੇ, ਸਾਡੀ ਸਮਝ ਅਨੁਸਾਰ, ਭਾਈਚਾਰਿਆਂ ਦਰਮਿਆਨ ਵਿਅਕਤੀਆਂ ਦੇ ਸ਼ਾਂਤਮਈ ਰਿਸ਼ਤਿਆਂ ਨੂੰ ਖਤਰਾ ਹੋਵੇ।

## ਅਸੀਂ ਕਿਹਨਾਂ ਨਾਲ ਕੰਮ ਕਰਦੇ ਹਾਂ

- ਭਾਈਚਾਰਾਂ ਸਮੂਹ
- ਗੈਰਮੁਨਾਫਾ ਸੰਸਥਾਵਾਂ
- ਸਰਕਾਰੀ ਏਜੰਸੀਆਂ
- ਸਕੂਲ ਅਤੇ ਸਕੂਲ ਜ਼ਿਲ੍ਹੇ
- ਧਾਰਮਿਕ ਸੰਸਥਾਵਾਂ
- ਭਾਈਚਾਰਾ ਵਕਾਲਤ ਸਮੂਹ
- ਕਾਲਜ ਅਤੇ ਯੂਨੀਵਰਸਿਟੀਆਂ
- ਕਬਾਇਲੀ ਸਮੂਹ
- ਚੁਣੇ ਅਧਿਕਾਰੀ
- ਪੇਸ਼ਕਾਰੀ ਸਮੂਹ

## ਅਭਿਆਸ ਦੇ ਮਿਆਰ

### *ਗੈਰਪੱਖਪਾਤੀ ਅਤੇ ਨਿਰਪੱਖ*

- CCRU ਅਪਵਾਦ ਦਾ ਅਨੁਭਵ ਕਰਦੇ ਭਾਈਚਾਰਿਆਂ ਲਈ ਨਿਰਪੱਖ, ਗੈਰਪੱਖਪਾਤੀ ਸ੍ਰੋਤ ਹੈ।
- CCRU ਜਾਂਚ, ਕਾਨੂੰਨ ਲਾਗੂ ਕਰਨ ਲਈ ਸਰਕਾਰੀ ਏਜੰਸੀਆਂ ਨੂੰ ਬੇਨਤੀਆਂ, ਸ਼ਿਕਾਇਤਾਂ ਜਾਂ ਕਾਨੂੰਨੀ ਕੇਸ ਨਹੀਂ ਕਰਦਾ, ਜਾਂ ਸਾਡੀਆਂ ਸੇਵਾਵਾਂ ਦੀ ਬੇਨਤੀ ਕਰਦੇ ਸਮੂਹਾਂ ਦੀ ਤਰਫੋਂ ਸਮਝੌਤੇ ਇਕਰਾਰਨਾਮੇ ਵਿਕਸਿਤ ਨਹੀਂ ਕਰਦਾ।

### *ਗੋਪਨੀਅਤਾ*

- CCRU CRD ਦੇ ਹੋਰ ਹਿੱਸਿਆਂ ਵਾਲੇ ਭਾਈਚਾਰਿਆਂ ਨਾਲ ਸਾਡੇ ਕੰਮ ਸਬੰਧੀ ਜਾਣਕਾਰੀ ਸਾਂਝੀ ਨਹੀਂ ਕਰਦਾ। ਜੋ ਅਗਿਆਤ ਰਹਿਣ ਨੂੰ ਤਰਜੀਹ ਦਿੰਦੇ ਹਨ, ਅਸੀਂ ਉਹਨਾਂ ਸੰਪਰਕਾਂ ਦੇ ਨਾਮ ਅਤੇ ਹੋਰ ਜਾਣਕਾਰੀ ਸੁਰੱਖਿਅਤ ਰੱਖਦੇ ਹਾਂ ਜੋ ਸਮੂਹਾਂ ਜਾਂ ਵਿਅਕਤੀਆਂ ਦੀ ਪਹਿਚਾਣ ਕਰੇ ਜੋ ਅਗਿਆਤ ਰਹਿਣ ਨੂੰ ਤਰਜੀਹ ਦਿੰਦੇ ਹਨ।
- CCRU ਕਿਸੇ ਵੀ ਸਰਕਾਰੀ ਵਿਭਾਗਾਂ ਜਾਂ ਏਜੰਸੀਆਂ ਨਾਲ ਨਾਮ, ਸੰਪਰਕ, ਜਾਂ ਹੋਰ ਪਹਿਚਾਣਯੋਗ ਜਾਣਕਾਰੀ ਸਾਂਝੀ ਨਹੀਂ ਕਰਦੀ।
- CCRU ਵਿਅਕਤੀਆਂ ਅਤੇ ਸਮੂਹਾਂ ਦੀ ਪਹਿਚਾਣ ਕਰਨ ਤੋਂ ਪਰਹੇਜ਼ ਕਰਦੀ ਹੈ ਜੋ ਕਿਸੇ ਵੀ ਲਿਖਤੀ ਰਿਕਾਰਡਾਂ ਵਿੱਚ ਅਗਿਆਤ ਰਹਿਣ ਨੂੰ ਤਰਜੀਹ ਦਿੰਦੇ ਹਨ।
- CCRU ਗੋਪਨੀਅਤਾ ਅਤੇ ਅਗਿਆਤ ਹੋਣ ਨੂੰ ਕਾਇਮ ਰੱਖਣ ਵਿੱਚ ਮੱਦਦ ਕਰਨ ਨੂੰ ਤਰਜੀਹ ਦੇਣ ਲਈ ਉਹਨਾਂ ਢੰਗਾਂ ਦੀ ਵਰਤੋਂ ਕਰਦਿਆਂ ਵਿਅਕਤੀਆਂ ਅਤੇ ਭਾਈਚਾਰਿਆਂ ਨਾਲ ਸੰਪਰਕ ਕਰਦੇ ਹਨ।

## ਲਾਗਤ

CCRU ਦੁਆਰਾ ਪ੍ਰਦਾਨ ਕੀਤੀਆਂ ਸੇਵਾਵਾਂ ਦੀ ਬੇਨਤੀ ਕਰਨ, ਪ੍ਰਾਪਤ ਕਰਨ, ਜਾਂ ਭਾਗ ਲੈਣ ਦੀ ਕੋਈ ਲਾਗਤ ਨਹੀਂ ਹੈ।

## ਸਹਾਇਤਾ ਦੀ ਬੇਨਤੀ ਕਰਨੀ

ਕਿਸੇ ਵੀ ਵਿਅਕਤੀ ਦੁਆਰਾ ਸੇਵਾਵਾਂ ਦੀ ਬੇਨਤੀ ਕੀਤੀ ਜਾ ਸਕਦੀ ਹੈ ਜੋ ਕਿਸੇ ਅਪਵਾਦ, ਅਸਹਿਮਤੀ, ਜਾਂ ਪੱਖਪਾਤ ਵਾਲੇ ਅਭਿਆਸਾਂ ਨਾਲ ਸਬੰਧਤ ਮੁਸ਼ਕਲ ਦੁਆਰਾ ਪ੍ਰਭਾਵਿਤ ਹੁੰਦਾ ਹੋਵੇ ਜੋ ਭਾਈਚਾਰੇ ਵਿੱਚ, ਜਾਂ ਉਚਿਤ ਰਾਜ ਜਾਂ ਸਥਾਨਕ ਜਨਤਕ ਸੰਸਥਾ ਦੁਆਰਾ ਸ਼ਾਂਤੀਪੂਰਨ ਸਬੰਧਾਂ ਨੂੰ ਖਤਰੇ ਵਿੱਚ ਪਾਉਂਦੇ ਹੋਣ।

---

## ਸਾਡੇ ਨਾਲ ਸੰਪਰਕ ਕਰੋ

ccru@calcivilrights.ca.gov
ਟੋਲ ਫਰੀ: 800.884.1684 / TTY: 800.700.2320 / ਕੈਲੀਫੋਰਨੀਆ ਰੀਲੇ ਸੇਵਾ (711)

ਧਿਆਨ ਦਿਓ: Community Conflict Resolution Unit

2218 Kausen Drive Suite 100
Elk Grove, CA 95758